**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਮ**
**ਸਟੇਟ ਪ੍ਰੋਜੈਕਟ ਡਾਇਰੈਕਟਰ,**
**ਸਰਵ ਸਿਖਿਆ ਅਭਿਆਨ ਅਥਾਰਿਟੀ (ਪੰਜਾਬ)**
ਐਸ.ਸੀ.ਓ. ਨੰ 104-106, ਸੈਕਟਰ 34-ਏ,ਚੰਡੀਗੜ੍ਹ

ਸੇਵਾ ਵਿਖੇ

**ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫ਼ਸਰ(ਐ.ਸਿੱ.)**

ਮੀਮੋ ਨੰ ਸਸਅ/ਐਚਆਰ/ 54487-506
ਮਿਤੀ ਚੰਡੀਗੜ੍ਹ 23.08.10

**ਵਿਸ਼ਾ:-** **ਸਰਵ ਸਿੱਖਿਆ ਅਭਿਆਨ ਤਹਿਤ ਸਿੱਖਿਆ ਕਰਮੀਆਂ ਦੀ ਨਿਯੁਕਤੀ ਸੰਬੰਧੀ ਦਿਸ਼ਾ ਨਿਰਦੇਸ਼।**

1.0 ਉਪਰੋਕਤ ਵਿਸ਼ੇ ਤੇ ਇਸ ਦਫਤਰ ਵੱਲੋਂ ਸਮੇ ਸਮੇ ਸਿਰ ਜਾਰੀ ਹਦਾਇਤਾਂ, ਜਿਨ੍ਹਾਂ ਦਾ ਵੇਰਵਾ ਮਾਰਜਿਨ ਵਿੱਚ ਦਿੱਤਾ ਹੋਇਆ ਹੈ, ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਪਿਛਲੇ ਦਿਨੀਂ ਬੀ.ਆਰ.ਪੀ. ਦੀ ਥਾਂ ਤੇ ਰੱਖੇ ਸਿੱਖਿਆ ਕਰਮੀਆਂ ਬਾਰੇ ਸ਼ਿਕਾਇਤਾਂ ਪ੍ਰਾਪਤ ਹੋਇਆਂ ਹਨ ਅਤੇ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਕੁੱਝ ਸੁਝਾਅ ਵੀ ਪ੍ਰਾਪਤ ਹੋਏ ਹਨ । ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਦਿਆ ਸਿੱਖਿਆ ਕਰਮੀਆਂ ਬਾਰੇ ਹੇਠ ਲਿਖੇ ਫੈਸਲੇ ਕੀਤੇ ਜਾਂਦੇ ਹਨ :-

(1) ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਤਹਿਤ ਭਾਰਤ ਸਰਕਾਰ ਵੱਲੋਂ ਜਾਰੀ ਕੀਤੀਆ ਹਦਾਇਤਾਂ ਅਨੁਸਾਰ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਇਸ ਪ੍ਰੋਗਰਾਮ ਦੀ ਮਾਨੀਟਰਿੰਗ ਲਈ ਸਿੱਖਿਆ ਵਿਭਾਗ ਵੱਲੋਂ ਤਜਰਬੇਕਾਰ ਅਧਿਆਪਕ ਰੱਖੇ ਜਾਣੇ ਹਨ। ਇਨ੍ਹਾਂ ਹਦਾਇਤਾਂ ਦੀ ਪਾਲਨਾ ਵਿੱਚ ਵੱਖ-ਵੱਖ ਬਲਾਕਾਂ ਵਿੱਚ ਬੀ.ਆਰ.ਪੀ. ਰੱਖੇ ਹੋਏ ਹਨ। ਪੰਜਾਬ ਸਰਕਾਰ, ਸਿੱਖਿਆ ਵਿਭਾਗ ਅਤੇ ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਤਹਿਤ ਬਣਾਈ ਕਾਰਜਕਾਰੀ ਕਮੇਟੀ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਇਕ ਬੀ.ਆਰ.ਪੀ. ਦੀ ਥਾਂ ਤੇ ਤਿੰਨ ਸਿੱਖਿਆ ਕਰਮੀ ਰੱਖ ਲਏ ਜਾਣ ਤਾਂ ਜੋ ਬੀ.ਆਰ.ਪੀ. ਦੀ ਗੈਰ-ਹਾਜ਼ਰੀ ਕਰਕੇ ਸਕੂਲਾਂ ਵਿੱਚ ਪੜ੍ਹਾਈ ਦਾ ਹਰਜ਼ਾ ਨਾ ਹੋਵੇ ਅਤੇ ਨਾਲ ਹੀ ਉਸ ਸਕੂਲ ਨੂੰ ਜੇਕਰ ਹੋਰ ਵੀ ਕੋਈ ਅਧਿਆਪਕ ਦੀ ਘਾਟ ਹੋਵੇ ਤਾਂ ਉਹ ਪੂਰੀ ਕੀਤੀ ਜਾ ਸਕੇ ।

(2) ਇਨ੍ਹਾਂ ਸਿੱਖਿਆ ਕਰਮੀਆਂ ਦੀ ਭਰਤੀ ਕਰਨ ਦੇ ਸਬੰਧ ਵਿੱਚ ਅਤੇ ਉਨ੍ਹਾਂ ਦੀਆਂ ਸੇਵਾ-ਸ਼ਰਤਾਂ ਬਾਰੇ ਮੁੱਖ ਦਫਤਰ ਵੱਲੋਂ ਸਮੇ ਸਮੇ ਸਿਰ ਮਾਰਜਿਨ ਵਿੱਚ ਦਿੱਤੇ ਵੇਰਵੇ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ । ਇਨ੍ਹਾਂ ਹਦਾਇਤਾਂ ਦੀ ਲਗਾਤਾਰਤਾ ਵਿੱਚ ਹੇਠ

ਲਿਖੇ ਅਨੁਸਾਰ ਮੁੜ ਲਿਖਿਆ ਜਾਂਦਾ ਹੈ ਅਤੇ ਸਪੱਸ਼ਟ ਕੀਤਾ ਜਾਂਦਾ ਹੈ ਕਿ ਅਗ੍ਹਾ ਤੋਂ ਇਨ੍ਹਾਂ ਹਦਾਇਤਾਂ ਅਨੁਸਾਰ ਹੀ ਲੋੜੀਂਦੀ ਕਾਰਵਾਈ ਕੀਤੀ ਜਾਵੇ :-

(i) ਜਿਸ ਸਕੂਲ ਵਿੱਚੋਂ ਬੀ.ਆਰ.ਪੀ. ਨਿਯੁਕਤ ਕੀਤਾ ਜਾਵੇਗਾ, ਉਸਦੀ ਥਾਂ ਤੇ ਉਸ ਸਕੂਲ **ਲਈ** 3 ਸਿੱਖਿਆ ਕਰਮੀ ਉਸ ਪਿੰਡ ਦੀ ਪਸਵਕ ਵੱਲੋਂ ਪਾਰਦਰਸ਼ੀ ਤਰੀਕੇ ਨਾਲ ਨਿਰੋਲ ਮੈਰਿਟ ਦੇ ਆਧਾਰ ਤੇ ਨਿਯੁਕਤ ਕੀਤੇ ਜਾਣਗੇ। **ਜਿੱਥੇ ਕਿਤੇ ਬੀ.ਆਰ.ਪੀ. ਮਿਡਲ, ਹਾਈ ਜਾਂ ਹਾਇਰ ਸੈਕੰਡਰੀ ਸਕੂਲ ਤੋ ਲਿਆ ਹੋਵੇ ਅਤੇ ਉਸ ਦੀ ਥਾਂ ਸਿੱਖਿਆ ਕਰਮੀ ਲਗਾਉਣ ਦੀ ਲੋੜ ਹੋਵੇ ਤਾਂ ਨਾ ਸਿਰਫ ਉਸ ਪਿੰਡ ਦੇ ਯੋਗ ਉਮੀਦਵਾਰ ਸਿੱਖਿਆ ਕਰਮੀ ਲੱਗਣ ਲਈ ਯੋਗ ਹੋਣਗੇ, ਪਰੰਤੂ ਉਸ ਸਕੂਲ ਵਿੱਚ ਪੜ੍ਹਣ ਵਾਲੇ ਸਾਰੇ ਵਿਦਿਆਰਥੀਆਂ ਦੇ ਪਿੰਡਾਂ ਦੇ ਉਮੀਦਵਾਰ ਵੀ ਇਸ ਭਰਤੀ ਲਈ ਐਲਿਜੀਬਲ ਹੋਣਗੇ ।**

(ii) ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਉਸ ਪਿੰਡ ਵਿੱਚ ਰਹਿਣ ਵਾਲੇ ਸਾਰੇ ਯੋਗ ਉਮੀਦਵਾਰਾਂ ਨੂੰ ਉਨ੍ਹਾਂ ਦੇ ਘਰ ਜਾ ਕੇ ਸਿੱਖਿਆ ਕਰਮੀ ਦੀ ਅਸਾਮੀ ਬਾਰੇ ਦੱਸਿਆ ਜਾਵੇ ਅਤੇ ਉਨ੍ਹਾਂ ਦੀ ਸਹਿਮਤੀ ਜਾਂ ਨਾ-ਸਹਿਮਤੀ ਪ੍ਰਾਪਤ ਕੀਤੀ ਜਾਵੇ। **ਇਸ ਦੇ ਨਾਲ ਹੀ ਸਬੰਧਤ ਪਿੰਡ ਅਤੇ ਪਿੰਡਾਂ ਵਿੱਚ ਮੰਦਿਰ ਅਤੇ ਗੁਰਦਵਾਰਿਆਂ ਰਾਹੀਂ ਅਨਾਉਂਸਮੈਂਟ ਵੀ ਕਰਵਾਈ ਜਾਣੀ ਯਕੀਨੀ ਬਣਾਈ ਜਾਵੇ ਅਤੇ ਇਸ ਦੇ ਲਈ ਘੱਟੋ ਘੱਟ ਸੱਤ ਦਿਨਾਂ ਦਾ ਸਮਾਂ ਦਿੱਤਾ ਜਾਵੇ । ਮੰਦਿਰ ਅਤੇ ਗੁਰਦਵਾਰਿਆਂ ਤੋਂ ਕਰਵਾਈ ਗਈ ਅਨਾਉਂਸਮੈਂਟ ਦੀ ਰਿਕਾਰਡ ਪੇਂਡੂ ਸਿੱਖਿਆ ਅਤੇ ਵਿਕਾਸ ਕਮੇਟੀ ਆਪਣੀ ਮਤਾ-ਬੁਕ ਵਿੱਚ ਦਰਜ਼ ਕਰਕੇ ਰੱਖੇਗੀ ।** ਜੇਕਰ ਕੋਈ ਉਮੀਦਵਾਰ ਆਪਣੀ ਸਹਿਮਤੀ ਨਹੀਂ ਦਿੰਦਾ ਹੈ ਤਾਂ ਉਸ ਨੂੰ ਛੱਡ ਕੇ ਬਾਕੀ ਉਮੀਦਵਾਰਾਂ ਦੀ ਇੱਕ ਦਮ ਮੈਰਿਟ ਸੂਚੀ ਬਣਾਉਣ ਉਪਰੰਤ ਸਿਲੈਕਸ਼ਨ ਕੀਤੀ ਜਾਵੇ।

ਸਿਲੈਕਸ਼ਨ ਵੇਲੇ ਸਾਇੰਸ ਅਤੇ ਮੈਥ ਵਿਸ਼ੇ ਦੇ ਗ੍ਰੈਜੂਏਟ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਇਸ ਉਪਰੰਤ **ਕ੍ਰਮਵਾਰ** ਐਮ.ਏ.,ਬੀ.ਐਡ., ਬੀ.ਏ.,ਬੀ.ਐਡ., ਅਤੇ ਬੀ.ਏ.,ਈ.ਟੀ.ਟੀ. ਉਮੀਦਵਾਰਾਂ ਨੂੰ ਵਿਚਾਰਿਆ ਜਾਵੇਗਾ। **ਸਿਰਫ ਬੀ.ਏ. ਪਾਸ ਉਮੀਦਵਾਰ ਨੂੰ ਸਿੱਖਿਆ ਕਰਮੀ ਦੀ ਸਿਲੈਕਸ਼ਨ ਲਈ ਨਹੀਂ ਵਿਚਾਰਿਆ ਜਾਵੇਗਾ ।**

ਉਨ੍ਹਾਂ ਦੀ **ਸਿਲੈਕਸ਼ਨ** ਮੈਰਿਟ ਦੇ ਆਧਾਰ ਤੇ ਯਾਣੀ ਕਿ ਉਨ੍ਹਾਂ ਵੱਲੋਂ ਵੱਖ-**ਵੱਖ** ਪ੍ਰੀਖਿਆਵਾਂ/ਡਿਗਰੀਆਂ/ ਡਿਪਲੋਮੇ ਆਦਿ ਵਿੱਚ ਪ੍ਰਾਪਤ ਅੰਕਾਂ ਦੇ ਆਧਾਰ ਤੇ ਕੀਤੀ ਜਾਵੇਗੀ

(iii) ਸਿੱਖਿਆ ਕਰਮੀ ਦੀ ਉਮਰ 20-35 ਸਾਲ ਦੀ ਹੋਣੀ ਚਾਹੀਦੀ ਹੈ।**ਜੇਕਰ ਕੋਈ ਉਮੀਦਵਾਰ ਐਸ.ਸੀ. ਜਾਤੀ ਦਾ ਹੋਵੇ ਤਾਂ ਉਸ ਦੀ ਉਪਰਲੀ ਉਮਰ ਸੀਮਾਂ 40 ਸਾਲ ਤੀਕ ਹੋ ਸਕਦੀ ਹੈ । ਜੇਕਰ ਕੋਈ ਵਿਧਵਾ ਹੋਵੇ ਤਾਂ ਉਮਰ ਵਿੱਚ 10 ਸਾਲ ਦੀ ਛੋਟ ਦਿੱਤੀ ਜਾ ਸਕਦੀ ਹੈ, ਭਾਵ ਉਸ ਦੀ ਉਮਰ 20-45 ਸਾਲ ਹੋ ਸਕਦੀ ਹੈ ।**

(iv) ਅੱਗੇ ਤੋਂ ਸਿੱਖਿਆ ਕਰਮੀਆਂ ਦੀ ਯੋਗਤਾ ਬੀ.ਏ.,ਬੀ.ਐਡ./ਬੀ.ਏ., ਈ.ਟੀ.ਟੀ./ ਐਮ.ਏ., ਬੀ.ਐਡ. ਹੋਵਗੀ। ਮਿਹਨਤਾਨਾ ਵਿਦਿਅਕ ਯੋਗਤਾ ਦੇ ਆਧਾਰ ਤੇ ਹੇਠ ਲਿਖੇ ਅਨੁਸਾਰ ਹੋਵੇਗਾ।

ਬੀ.ਏ.,ਈ.ਟੀ.ਟੀ. - 4500 ਰੁਪਏ ਪ੍ਰਤੀ ਮਹੀਨਾ

ਬੀ.ਏ.,ਬੀ.ਐਡ. -5250 ਰੁਪਏ ਪ੍ਰਤੀ ਮਹੀਨਾ

ਐਮ.ਏ.,ਬੀ.ਐਡ. - 6000 ਰੁਪਏ ਪ੍ਰਤੀ ਮਹੀਨਾ

(v) **ਮੁੱਖ ਦਫਤਰ ਦੀ ਪ੍ਰਵਾਨਗੀ ਤੋਂ ਬਿਨਾਂ ਇਹ ਪੱਤਰ ਜਾਰੀ ਹੋਣ ਤੋ ਬਾਅਦ ਕਿਸੀ ਬੀ.ਆਰ.ਪੀ. ਦੀ ਥਾਂ ਤੇ ਕੋਈ ਸਿੱਖਿਆ ਕਰਮੀ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਨਹੀਂ ਰੱਖਿਆ ਜਾਵੇਗਾ । ਜੇਕਰ ਨਿਯਮਾਂ ਅਨੁਸਾਰ ਸਿੱਖਿਆ ਕਰਮੀ ਰੱਖਣ ਦੀ ਉਚਿਤੱਤਾ ਬਣਦੀ ਹੋਵੇ ਤਾਂ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਮੁਕੰਮਲ ਕੇਸ ਤਿਆਰ ਕਰਕੇ ਮੁੱਖ ਦਫਤਰ ਨੂੰ ਭੇਜਿਆ ਜਾਵੇਗਾ ਅਤੇ ਉਸ ਦੀ ਪ੍ਰਵਾਨਗੀ ਮਿਲਣ ਉਪਰੰਤ ਪੇਂਡੂ ਸਿੱਖਿਆ ਵਿਕਾਸ ਕਮੇਟੀ ਵੱਲੋਂ ਇਸ ਦਫਤਰ ਵੱਲੋਂ ਉਕਤ ਅਨੁਸਾਰ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਸਿੱਖਿਆ ਕਰਮੀ ਰੱਖੇ ਜਾਣਗੇ ।**

(vi) ਪਸਵਕ ਵੱਲੋਂ ਸਿੱਖਿਆ ਕਰਮੀ ਦੀ ਨਿਯੁਕਤੀ,ਫਾਰਗੀ ਸਬੰਧੀ ਫੈਸਲੇ ਕਰਨ ਦੇ ਪੂਰੇ ਅਧਿਕਾਰ ਹਨ,ਪਰੰਤੂ ਸਿੱਖਿਆ ਕਰਮੀ ਦੇ ਕੰਮ-ਕਾਜ ਦਾ **ਨਿਰੀਖਣ ਅਤੇ ਮੁਲਾਂਕਣ** ਵੀ ਪਸਵਕ ਵੱਲੋਂ ਕੀਤਾ ਜਾਵੇਗਾ। **ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਕਿਸੇ ਵੀ ਸਿੱਖਿਆ ਕਰਮੀ ਦਾ ਕੰਮ ਜੇਕਰ ਠੀਕ ਨਹੀਂ ਹੈ ਜਾਂ ਕੋਈ ਮਿਸ-ਕੰਡਕਟ ਹੋਵੇ ਜਾਂ ਉਨ੍ਹਾਂ ਨੂੰ ਨਿਯਮਾਂ ਅਨੁਸਾਰ ਨਹੀਂ ਰੱਖਿਆ ਗਿਆ ਹੋਵੇ ਤਾਂ ਇਸ ਬਾਰੇ ਵਿਭਾਗ ਯਾਣੀ ਕਿ ਜ਼ਿਲ੍ਹਾ ਸਿੱਖਿਆ ਅਫਸਰ ਜਾਂ ਉੱਚ ਅਧਿਕਾਰੀ ਵੀ ਸਿੱਖਿਆ ਕਰਮੀ ਦੇ ਵਿਰੁੱਧ ਕਾਰਵਾਈ ਕਰਨ ਲਈ ਪੂਰੀ ਤਰ੍ਹਾਂ ਸਮਰੱਥ ਹਨ ।**

(vii) ਸਿੱਖਿਆ ਕਰਮੀ ਨੂੰ ਹਰ ਕੈਲੰਡਰ ਸਾਲ ਵਿੱਚ 10 ਅਚਨਚੇਤ ਛੁੱਟੀਆਂ ਦਿੱਤੀਆਂ ਜਾਣ। ਇਨ੍ਹਾਂ ਵਿੱਚੋਂ 5 ਛੁੱਟੀਆਂ ਹਰ ਸਿੱਖਿਆ ਕਰਮੀ 1ਜਨਵਰੀ ਤੋਂ 30 ਜੂਨ ਦੌਰਾਨ ਲੈ ਸਕੇਗਾ ਅਤੇ 5 ਛੁੱਟੀਆਂ 1 ਜੁਲਾਈ ਤੋਂ 31 ਦਸੰਬਰ ਤੱਕ ਲੈ ਸਕਣਗੇ।

(viii) **ਕੋਈ ਵੀ ਸਿੱਖਿਆ ਕਰਮੀ ਇਕ ਮਹੀਨੇ ਦੌਰਾਨ ਤਿੰਨ ਤੋਂ ਵੱਧ ਅਚਨਚੇਤ ਛੁੱਟੀਆਂ ਨਹੀਂ ਲੈ ਸਕੇਗਾ ।**

(ix) **ਇਸਤਰੀ ਸਿੱਖਿਆ ਕਰਮੀ ਨੂੰ 90 ਦਿਨ ਦੀ ਪ੍ਰਸੂਤਾ ਛੁੱਟੀ ਬਿਨਾਂ ਤਨਖਾਹ ਦਿੱਤੀ ਜਾਵੇਗੀ ।**

(x) **ਬੀ.ਆਰ.ਪੀ.ਜ ਅਤੇ ਸਿੱਖਿਆ ਕਰਮੀਆਂ ਦੀ ਮੰਜੂਰ ਸ਼ੁਦਾ ਅਸਾਮੀਆਂ ਦੀ ਜ਼ਿਲ੍ਹਾਵਾਰ ਸੂਚੀ ਅਨੁਲੱਗ ੳ ਤੇ ਹੈ । ਜ਼ਿਨ੍ਹਾਂ ਜ਼ਿਲ੍ਹਿਆਂ ਵਿੱਚ ਇਸ ਗਿਣਤੀ ਮੁਤਾਬਿਕ ਸਿੱਖਿਆ ਕਰਮੀਆਂ ਦੀ ਲੋੜ ਹੋਵੇ ਤਾਂ ਪੂਰੀ ਉਚਿਤੱਤਾ ਦੇਣ ਉਪਰੰਤ ਜ਼ਿਲ੍ਹਾ ਸਿੱਖਿਆ ਅਫਸਰ ਦਵਾਰਾ**

ਆਪਣੀ ਤਜਵੀਜ ਮੁੱਖ ਦਫਤਰ ਨੂੰ ਭੇਜ ਕੇ ਅਗਲੀ ਕਾਰਵਾਈ ਮੁੱਖ ਦਫਤਰ ਤੋਂ ਪ੍ਰਾਪਤ ਹੁਕਮਾਂ ਅਨੁਸਾਰ ਹੀ ਕੀਤੀ ਜਾਵੇਗੀ ।

(xi) ਜੇਕਰ ਮੁੱਖ ਦਫਤਰ ਵੱਲੋਂ ਇਸ ਤੋਂ ਪਹਿਲਾਂ ਜਾਰੀ ਹਦਾਇਤਾਂ ਵਿੱਚ ਕੋਈ ਫਰਕ ਹੋਵੇ ਤਾਂ ਇਸ ਪੱਤਰ ਰਾਹੀਂ ਜਾਰੀ ਹਦਾਇਤਾਂ ਹੀ ਮੰਨਣਯੋਗ ਹੋਣਗੀਆਂ। ਜੇਕਰ ਕਿਸੀ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਕਿਸੇ ਸਪੱਸ਼ਟੀਕਰਨ ਦੀ ਲੋੜ ਹੋਵੇ ਤਾਂ ਉਹ ਪੱਤਰ ਲਿਖ ਕੇ ਤੁਰੰਤ ਅਗਵਾਈ ਲੈ ਲੈਣ ।

(xii) ਇਨ੍ਹਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਿਟੀ**

ਨੱਥੀ / ਉਪਰੋਕਤ ਅਨੁਸਾਰ

**ਮਾਰਜਿਨ**

| ਇਸ ਦਫ਼ਤਰ ਦੇ ਪੱਤਰ |
|---|
| ਨੰ 17/5-2004/ਐਸ.ਐਸ.ਏ./ਬੀ.ਆਰ.ਪੀ./8918-34,ਮਿਤੀ 09.11.2004 |
| ਨੰ 17/5-2004/ਐਸ.ਐਸ.ਏ./ਬੀ.ਆਰ.ਪੀ./9190-9206ਮਿਤੀ 09.11.2004 |
| ਨੰ 17/5-2004/ਐਸ.ਐਸ.ਏ./ਬੀ.ਆਰ.ਪੀ./7671-87 ਮਿਤੀ 29.9.2005 |
| ਨੰ 6/4-2006/ਐਸ.ਐਸ.ਏ./ਈ.ਜੀ.ਐਸ./6001-17 ਮਿਤੀ 02.06.2006 |
| ਨੰ ਐਸ.ੳ./46175-94 ਮਿਤੀ 12 ਦਸਬੰਰ,2008 |
| ਨੰ ASPD(HR)/2009/ SSA/EV/67763-82 ਮਿਤੀ 17.09.2009 |
| ਨੰ ਐਸ.ਐਸ.ਏ./ਐਸ.ੳ./2009/60282-301 ਮਿਤੀ 19.08.2009 |

**ਅਨੁਲੱਗ 'ੳ'**

| ਲੜੀ ਨੰ: | ਜਿਲ੍ਹਾ | ਮੰਜੂਰ ਬੀ.ਆਰ.ਪੀ. | ਮੰਜੂਰ ਸਿੱਖਿਆ ਕਰਮੀ |
|---|---|---|---|
| 1 | ਅੰਮ੍ਰਿਤਸਰ | 160 | 480 |
| 2 | ਬਰਨਾਲਾ | 40 | 120 |
| 3 | ਬਠਿੰਡਾ | 90 | 270 |
| 4 | ਫਰੀਦਕੋਟ | 40 | 120 |
| 5 | ਫਤਿਹਗੜ੍ਹ ਸਾਹਿਬ | 100 | 300 |
| 6 | ਫਿਰੋਜਪੁਰ | 200 | 600 |

| | | | |
|---|---|---|---|
| 7 | ਗੁਰਦਾਸਪੁਰ | 310 | 930 |
| 8 | ਹੁਸ਼ਿਆਰਪੁਰ | 200 | 600 |
| 9 | ਜਲੰਧਰ | 190 | 570 |
| 10 | ਕਪੂਰਥਲਾ | 100 | 300 |
| 11 | ਲੁਧਿਆਣਾ | 200 | 600 |
| 12 | ਮਾਨਸਾ | 90 | 270 |
| 13 | ਮੋਗਾ | 100 | 300 |
| 14 | ਮੋਹਾਲੀ | 60 | 180 |
| 15 | ਮੁਕਤਸਰ | 80 | 240 |
| 16 | ਨਵਾਂਸ਼ਹਿਰ | 100 | 300 |
| 17 | ਪਟਿਆਲਾ | 160 | 480 |
| 18 | ਰੋਪੜ | 100 | 300 |
| 19 | ਸੰਗਰੂਰ | 140 | 420 |
| 20 | ਤਰਨ ਤਾਰਨ | 130 | 390 |
| | ਕੁੱਲ ਜੋੜ | 2590 | 7770 |